Alberta

**ਨਿਊਜ਼** ਰਿਲੀਜ਼

# ਅਲਬਰਟਾ ਵਾਸੀਆਂ ਲਈ ਜੀਵਨ ਨੂੰ ਹੋਰ ਕਿਫਾਇਤੀ ਬਣਾਉਣਾ

07 ਦਸੰਬਰ, 2022

## ਨਵਾਂ ਕਾਨੂੰਨ ਪੇਸ਼ ਕੀਤਾ ਗਿਆ ਹੈ ਜੋ ਅਲਬਰਟਾ ਵਾਸੀਆਂ ਨੂੰ ਮਹਿੰਗਾਈ ਤੋਂ ਮਹੱਤਵਪੂਰਨ ਵਿਆਪਕ-ਆਧਾਰ ਵਾਲੀ ਰਾਹਤ ਪ੍ਰਦਾਨ ਕਰੇਗਾ, ਜਿਸ ਵਿੱਚ ਪਰਿਵਾਰਾਂ, ਬਜ਼ੁਰਗਾਂ ਅਤੇ ਕਮਜ਼ੋਰ ਅਲਬਰਟਾ ਵਾਸੀਆਂ ਲਈ ਟੀਚਾਬੱਧ ਰਹਿਣ-ਸਹਿਣ-ਦੀ-ਲਾਗਤ ਲਈ ਵਾਧੂ ਸਮਰਥਨ ਸ਼ਾਮਲ ਹੋਣਗੇ।

ਅਲਬਰਟਾ ਦੀ ਅਰਥ-ਵਿਵਸਥਾ ਵਿੱਚ ਮਜ਼ਬੂਤੀ ਨਾਲ ਬਹਾਲ ਹੋ ਗਈ ਹੈ, ਪਰ ਬਹੁਤ ਸਾਰੇ ਅਲਬਰਟਾ ਵਾਸੀ ਆਪਣੇ ਘਰਾਂ ਨੂੰ ਗਰਮ ਕਰਨ ਅਤੇ ਆਪਣੇ ਪਰਿਵਾਰਾਂ ਦਾ ਪੇਟ ਭਰਨ ਲਈ ਸੰਘਰਸ਼ ਕਰ ਰਹੇ ਹਨ, ਅਤੇ ਸਰਕਾਰ ਮਦਦ ਕਰਨਾ ਚਾਹੁੰਦੀ ਹੈ। *ਮਹਿੰਗਾਈ ਰਾਹਤ ਕਾਨੂੰਨ ਸੋਧ ਅਧਿਨਿਯਮ (Inflation Relief Statutes Amendment Act), 2022* ਵਿੱਚ ਸ਼ਾਮਲ ਵਿਧਾਨਿਕ ਤਬਦੀਲੀਆਂ ਸਰਕਾਰ ਨੂੰ ਅਲਬਰਟਾ ਵਾਸੀਆਂ ਨੂੰ ਸਮੇਂ ਸਿਰ, ਰਹਿਣ-ਸਹਿਣ-ਦੀ-ਲਾਗਤ ਲਈ ਅਸਰਦਾਰ ਸਹਾਇਤਾ ਅਤੇ ਮਹਿੰਗਾਈ ਰਾਹਤ ਪ੍ਰਦਾਨ ਕਰਨ ਦੇ ਸਮਰੱਥ ਬਣਾਉਣਗੀਆਂ।

ਜੇਕਰ ਪਾਸ ਕੀਤਾ ਜਾਂਦਾ ਹੈ, ਤਾਂ ਕਾਨੂੰਨ ਅਤੇ ਸਹਾਇਕ ਵਿਨਿਯਮ ਉਪਯੋਗਤਾ ਛੋਟਾਂ ਦੇ ਵਿਸਤਾਰ, ਸਰਦੀਆਂ ਵਿੱਚ ਬਿਜਲੀ ਦੀਆਂ ਕੀਮਤਾਂ ਸੰਬੰਧੀ ਸੁਰੱਖਿਆ, 2022 ਟੈਕਸ ਸਾਲ ਲਈ ਪਿਛਲੀ ਮਿਤੀ ਤੋਂ ਨਿੱਜੀ ਆਮਦਨ ਟੈਕਸ ਨੂੰ ਇਨਡੈਕਸ ਕਰਨਾ, ਸੂਬਾਈ ਈਂਧਨ ਟੈਕਸ ਦੀ ਪੂਰੀ ਮੁਅੱਤਲੀ, ਅਤੇ ਪਰਿਵਾਰਾਂ, ਬਜ਼ੁਰਗਾਂ ਅਤੇ ਕਮਜ਼ੋਰ ਅਲਬਰਟਾ ਵਾਸੀਆਂ ਨੂੰ ਅਗਾਮੀ ਟੀਚਾਬੱਧ ਰਾਹਤ ਭੁਗਤਾਨਾਂ ਦੀ ਸਪੁਰਦਗੀ ਨੂੰ ਸਮਰੱਥ ਬਣਾਉਣਗੇ। ਇਹ ਉਪਾਅ ਅਲਬਰਟਾ ਸਰਕਾਰ ਦੀ ਕਿਫਾਇਤ ਕਾਰਵਾਈ ਯੋਜਨਾ (Affordability Action Plan) ਦਾ ਹਿੱਸਾ ਹਨ।

ਅਲਬਰਟਾ ਦੀ ਕਿਫਾਇਤ ਕਾਰਵਾਈ ਯੋਜਨਾ (Affordability Action Plan) ਕੈਨੇਡਾ ਵਿੱਚ ਆਪਣੀ ਕਿਸਮ ਦੀ ਸਭ ਤੋਂ ਵੱਡੀ ਹੈ, ਜੋ ਅਲਬਰਟਾ ਵਾਸੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ, ਖੇਤਾਂ ਅਤੇ ਛੋਟੇ ਕਾਰੋਬਾਰਾਂ ਨੂੰ $2.8 ਬਿਲੀਅਨ ਵਿਆਪਕ-ਆਧਾਰ ਵਾਲੀ ਅਤੇ ਟੀਚਾਬੱਧ ਰਾਹਤ ਪ੍ਰਦਾਨ ਕਰਦੀ ਹੈ।

ਜੇਕਰ ਪਾਸ ਕੀਤਾ ਜਾਂਦਾ ਹੈ, ਤਾਂ ਬਿੱਲ 2, *ਮਹਿੰਗਾਈ ਰਾਹਤ ਕਾਨੂੰਨ ਸੋਧ ਅਧਿਨਿਯਮ (Inflation Relief Statutes Amendment Act), 2022*, ਕਾਨੂੰਨ ਰਾਹੀਂ ਮੁੱਖ ਕਿਫਾਇਤ ਸਮਰਥਨ ਉਪਾਵਾਂ ਨੂੰ ਸਮਰੱਥ ਕਰੇਗਾ:

- ਬਜ਼ੁਰਗਾਂ ਅਤੇ $180,000 ਪ੍ਰਤੀ ਸਾਲ ਤੋਂ ਘੱਟ ਘਰੇਲੂ ਆਮਦਨ ਵਾਲੇ 18 ਸਾਲ ਤੋਂ ਘੱਟ ਉਮਰ ਦੇ ਨਿਰਭਰ ਬੱਚਿਆਂ ਪਰਿਵਾਰਾਂ ਲਈ ਆਗਾਮੀ ਟੀਚਾਬੱਧ ਰਾਹਤ ਭੁਗਤਾਨ।
- ਗੰਭੀਰ ਤੌਰ 'ਤੇ ਅਪਾਹਜ ਵਿਅਕਤੀਆਂ ਲਈ ਨਿਸ਼ਚਿਤ ਆਮਦਨ (AISH), ਵਿਕਾਸ ਸੰਬੰਧੀ ਅਸਮਰਥਤਾਵਾਂ ਵਾਲੇ ਵਿਅਕਤੀਆਂ (PDD) ਅਤੇ ਇਨਕਮ ਸਪੋਰਟ ਲੈਣ ਵਾਲੇ ਕਮਜ਼ੋਰ ਅਲਬਰਟਾ ਵਾਸੀਆਂ ਨੂੰ ਆਗਾਮੀ ਟੀਚਾਬੱਧ ਰਾਹਤ ਭੁਗਤਾਨ।
- 1 ਜਨਵਰੀ, 2023 ਤੋਂ ਸ਼ੁਰੂ ਕਰਦੇ ਹੋਏ ਅਲਬਰਟਾ ਚਾਈਲਡ ਐਂਡ ਫੈਮਿਲੀ ਬੈਨੀਫਿਟ ਨੂੰ ਮਹਿੰਗਾਈ ਲਈ ਇਨਡੈਕਸ ਕਰਨਾ।
- ਜਨਵਰੀ, ਫਰਵਰੀ ਅਤੇ ਮਾਰਚ 2023 ਵਿੱਚ ਕੀਮਤਾਂ ਵਿੱਚ ਵਾਧੇ ਤੋਂ ਖਪਤਕਾਰਾਂ ਦੀ ਨਿਯੰਤ੍ਰਿਤ ਬਿਜਲੀ ਦਰਾਂ 'ਤੇ ਰੱਖਿਆ ਕਰਨਾ।
- ਨਿੱਜੀ ਆਮਦਨ ਟੈਕਸਾਂ ਨੂੰ 2022 ਟੈਕਸ ਸਾਲ ਲਈ ਪਿਛਲੀ ਮਿਤੀ ਤੋਂ ਮਹਿੰਗਾਈ ਲਈ ਇਨਡੈਕਸ ਕਰਨਾ।
- ਜਨਵਰੀ ਤੋਂ ਜੂਨ 2023 ਤੱਕ ਗੈਸੋਲੀਨ ਅਤੇ ਡੀਜ਼ਲ 'ਤੇ ਪੂਰੇ 13-ਸੈਂਟ-ਪ੍ਰਤੀ-ਲੀਟਰ ਟੈਕਸ ਨੂੰ ਮੁਅੱਤਲ ਕਰਨਾ, ਅਤੇ ਉਸ ਤੋਂ ਬਾਅਦ ਤੇਲ ਦੀਆਂ ਕੀਮਤਾਂ ਦੇ ਅਧੀਨ ਈਂਧਨ ਟੈਕਸ ਰਾਹਤ ਪ੍ਰੋਗਰਾਮ ਨਾਲ ਨਿਰੰਤਰ ਰਾਹਤ ਪ੍ਰਦਾਨ ਕਰਨਾ।

ਕਾਨੂੰਨ ਤੋਂ ਇਲਾਵਾ, ਵਿਨਿਯਮ ਵਿੱਚ ਆਗਾਮੀ ਸੋਧਾਂ ਵਿੱਚ ਸ਼ਾਮਲ ਹੋਵੇਗਾ:

- ਜਨਵਰੀ ਤੋਂ ਅਪ੍ਰੈਲ 2023 ਤੱਕ ਵਾਧੂ ਬਿਜਲੀ ਛੋਟਾਂ ਵਿੱਚ $200, ਜਿਸ ਨਾਲ ਜੁਲਾਈ 2022 ਤੋਂ ਅਪ੍ਰੈਲ 2023 ਤੱਕ ਕੁੱਲ ਬਿਜਲੀ ਰਾਹਤ $500 ਬਣ ਜਾਵੇਗੀ।
- AISH, ਇਨਕਮ ਸਪੋਰਟ ਅਤੇ ਅਲਬਰਟਾ ਸੀਨੀਅਰਜ਼ ਬੈਨੀਫਿਟ ਨੂੰ ਮਹਿੰਗਾਈ ਨਾਲ ਇੰਡੈਕਸ ਕਰਨਾ।
- ਸਥਾਈ ਕੁਦਰਤੀ ਗੈਸ ਕੀਮਤ ਸੁਰੱਖਿਆ ਪ੍ਰਦਾਨ ਕਰਨ ਲਈ ਮੌਜੂਦਾ ਕੁਦਰਤੀ ਗੈਸ ਛੋਟ ਨੂੰ ਵਧਾਉਣਾ।

ਅਲਬਰਟਾ ਵਾਸੀ alberta.ca 'ਤੇ ਮੌਜੂਦਾ ਅਤੇ ਭਵਿੱਖੀ ਕਿਫਾਇਤ ਰਾਹਤ ਪ੍ਰੋਗਰਾਮਾਂ ਅਤੇ ਸਹਾਇਤਾ ਬਾਰੇ ਹੋਰ ਜਾਣ ਸਕਦੇ ਹਨ।

# ਸੰਬੰਧਿਤ ਜਾਣਕਾਰੀ

- ਅਲਬਰਟਾ ਦੀ ਕਿਫਾਇਤ ਕਾਰਵਾਈ ਯੋਜਨਾ (Affordability Action Plan)
- *ਬਿਲ 2: ਮਹਿੰਗਾਈ ਰਾਹਤ ਕਾਨੂੰਨ ਸੋਧ ਅਧਿਨਿਯਮ (Inflation Relief Statutes Amendment Act), 2022 ($)*

# ਸੰਬੰਧਿਤ ਖ਼ਬਰਾਂ

- ਅਲਬਰਟਾ ਦੇ ਸਭ ਤੋਂ ਕਮਜ਼ੋਰ ਲੋਕਾਂ ਦਾ ਸਮਰਥਨ ਕਰਨਾ (28 ਨਵੰਬਰ, 2022)
- ਅਲਬਰਟਾ ਵਾਸੀਆਂ ਲਈ ਭੋਜਨ ਸੁਰੱਖਿਆ ਦਾ ਸਮਰਥਨ ਕਰਨਾ (23 ਨਵੰਬਰ, 2022)

ਵਰਗੀਕਰਨ: ਜਨਤਕ